# ਕੀ ਤੁਹਾਨੂੰ ਆਪਣਾ ਡ੍ਰਾਈਵਰ ਲਾਈਸੈਂਸ ਵਾਪਸ ਲੈਣ ਵਿਚ ਮਦਦ ਦੀ ਲੋੜ ਹੈ?

ਉਹਨਾਂ ਲੋਕਾਂ ਲਈ ਜੋ ਵਾਸ਼ਿੰਗਟਨ ਵਿਚ ਵਕੀਲ ਦਾ ਖਰਚਾ ਨਹੀਂ ਭਰ ਸਕਦੇ, ਨੌਰਥਵੈਸਟ ਜਸਟਿਸ ਪ੍ਰੌਜੈਕਟ ਦੀਵਾਨੀ (ਗੈਰ-ਫੌਜਦਾਰੀ) ਕਾਨੂੰਨੀ ਸੇਵਾਵਾਂ ਮੁਫਤ ਪ੍ਰਦਾਨ ਕਰਦਾ ਹੈ। ਜੇ ਤੁਹਾਨੂੰ ਡ੍ਰਾਈਵਰ ਲਾਈਸੈਂਸ ਦੀ ਲੋੜ ਹੈ ਤਾਂ ਜੋ ਤੁਸੀਂ ਕੰਮ ਕਰ ਸਕੋ ਅਤੇ ਜੇ ਤੁਹਾਡੇ ਲਾਈਸੈਂਸ ਨੂੰ ਹੇਠਲੇ ਕਿਸੇ ਕਾਰਨ ਕਰਕੇ ਮੁਅੱਤਲ ਕੀਤਾ ਗਿਆ ਸੀ, ਤਾਂ ਅਸੀਂ ਸ਼ਾਇਦ ਤੁਹਾਡੀ ਮਦਦ ਕਰ ਸਕੀਏ:

- ਭੁਗਤਾਨ ਨਾ ਕੀਤੇ ਟ੍ਰੈਫਿਕ ਜੁਰਮਾਨੇ
- ਕਾਰ ਦੁਰਘਟਨਾ ਕਾਰਨ ਮੁਅੱਤਲੀ ਜਦ ਤੁਹਾਡੇ ਕੋਲ ਬੀਮਾ ਨਹੀਂ ਸੀ
- ਤੁਹਾਨੂੰ ਇੱਕ ਜਾਂ ਵੱਧ ਵਾਰੀ ਮੁਅੱਤਲ ਲਾਈਸੈਂਸ ਨਾਲ ਡ੍ਰਾਈਵ ਕਰਨ ਦਾ ਮੁਜਰਮ ਕਰਾਰ ਦਿੱਤਾ ਗਿਆ ਹੈ ਅਤੇ ਹਾਲਾਂ ਵੀ ਜੁਰਮਾਨਿਆਂ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ ਹਾਲਾਂਕਿ ਮੁਅੱਤਲੀ ਦਾ ਅਰਸਾ ਪੂਰਾ ਹੋ ਚੁਕਿਆ ਹੈ।

ਸਾਡੇ ਵਲੋਂ ਤੁਹਾਡੀ ਮਦਦ ਕਰਨ ਲਈ ਜ਼ਰੂਰੀ ਹੈ ਕਿ ਅਦਾਲਤ ਨੇ ਤੁਹਾਡੀਆਂ ਟ੍ਰੈਫਿਕ ਸਾਈਟੇਸ਼ਨਾਂ ‘ਤੇ ਆਪਣਾ ਨਿਰਣਾ ਦੇ ਦਿੱਤਾ ਹੋਵੇ। ਜੇ ਤੁਸੀਂ ਅਦਾਲਤ ਵਿਚ ਨਹੀਂ ਜਾਂਦੇ ਤਾਂ ਵੀ ਅਦਾਲਤ ਆਪਣਾ ਨਿਰਣਾ ਦੇ ਸਕਦੀ ਹੈ। ਇਹ ਪਤਾ ਲਗਾਉਣ ਲਈ ਕਿ ਤੁਸੀਂ ਸਹਾਇਤਾ ਲਈ ਯੋਗ ਹੋ ਜਾਂ ਨਹੀਂ, ਕਿਰਪਾ ਕਰਕੇ ਟੌਲ ਫ੍ਰੀ ਹੌਟਲਾਈਨ **(888) 201-1014** ‘ਤੇ ਸਵੇਰੇ 9:10 ਤੋਂ 12:25 ਤਕ ਫੋਨ ਕਰੋ।

**ਕਿਰਪਾ ਕਰਕੇ ਨੋਟ ਕਰੋ ਕਿ ਅਸੀਂ ਉਹਨਾਂ ਮਾਮਲਿਆਂ ਵਿਚ ਮਦਦ ਨਹੀਂ ਕਰ ਸਕਦੇ ਜਦ ਲਾਈਸੈਂਸ ਨੂੰ ਚਾਈਲਡ ਸੱਪੋਰਟ ਦਾ ਭੁਗਤਾਨ ਨਾ ਕਰਨ ਜਾਂ DUIs ਵਰਗੇ ਟ੍ਰੈਫਿਕ ਸਬੰਧਤ ਕੁਝ ਅਪਰਾਧਕ ਇਲਜ਼ਾਮਾਂ ਕਰਕੇ ਮੁਅੱਤਲ ਕੀਤਾ ਗਿਆ ਹੈ।**

## ਨੌਰਥਵੈਸਟ ਜਸਟਿਸ ਪ੍ਰੌਜੈਕਟ ਕੀ ਹੈ?

ਨੌਰਥਵੈਸਟ ਜਸਟਿਸ ਪ੍ਰੌਜੈਕਟ (NJP) ਪੂਰੇ ਸਟੇਟ ਵਿਚ ਫੈਲੀ ਹੋਈ ਇੱਕ ਗੈਰ-ਮੁਨਾਫਾ ਸੰਸਥਾ ਹੈ ਜਿਸਦੇ ਵਾਸ਼ਿੰਗਟਨ ਸਟੇਟ ਵਿਚ 13 ਦਫਤਰ ਹਨ ਜੋ ਘੱਟ ਆਮਦਨੀ ਵਾਲੇ ਲੋਕਾਂ ਨੂੰ ਮੁਫਤ ਦੀਵਾਨੀ ਕਾਨੂੰਨੀ ਸੇਵਾਵਾਂ ਪ੍ਰਦਾਨ ਕਰਦੇ ਹਨ।

NJP ਦਾ ਮੁੱਖ ਉਦੇਸ਼ ਘੱਟ ਆਮਦਨੀ ਵਾਲੇ ਯੋਗ ਕਲਾਇੰਟਾਂ ਨੂੰ, ਸਿੱਧਾ ਜਾਂ ਅਸਰਦਾਰ ਰੈਫਰਲਾਂ ਰਾਹੀਂ, ਤਰਜੀਹੀ ਸਮੱਸਿਆਵਾਂ ਬਾਰੇ ਉੱਚੇ ਦਰਜੇ ਦੀਆਂ ਕਾਨੂੰਨੀ ਸੇਵਾਵਾਂ ਮੁਫਤ ਪ੍ਰਦਾਨ ਕਰਨਾ ਹੈ।

THE ALLIANCE *for Equal Justice* MEMBER

NJP

LSC